# <u>ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਵੱਲੋਂ ਅਖ਼ਤਿਆਰਪ੍ਰਾਪਤ ਕਾਨੂੰਨੀ ਨੋਟਿਸ</u>

NAVISTAR MAXXFORCE (ਨੈਵੀਸਟਾਰ ਮੈਕਸਫ਼ੋਰਸ) ਇੰਜਨ ਸੈਟਲਮੈਂਟ – ਦਾਅਵਿਆਂ ਲਈ ਕਾਰਵਾਈ ਹੁਣ ਸ਼ੁਰੂ ਹੈ

**ਲਈ: ਕਿਉਬੈਕ ਨੂੰ ਛੱਡ ਕੇ, ਉਨ੍ਹਾਂ ਸਾਰੇ ਲੋਕਾਂ ਅਤੇ ਯੂਨਿਟਾਂ (ਸੰਸਥਾਵਾਂ) ਲਈ, ਜਿਹਨਾਂ ਨੇ 24 ਫ਼ਰਵਰੀ, 2022 ਨੂੰ ਜਾਂ ਪਹਿਲਾਂ MaxxForce 11-, 13-, ਜਾਂ 15-ਲੀਟਰ ਇੰਜਨ ਵਾਲੀਆਂ ਇੱਕ ਜਾਂ ਵੱਧ, ਮਾਡਲ ਸਾਲ 2011-2014 Navistar ਗੱਡੀਆਂ 30 ਦਿਨਾਂ ਤੋਂ ਵੱਧ ਸਮੇਂ ਲਈ ਖ਼ਰੀਦੀਆਂ ਜਾਂ ਲੀਜ਼ 'ਤੇ ਲਈਆਂ ਹਨ।**

**ਇਹ ਨੋਟਿਸ ਸਿਰਫ਼ ਸਾਰ ਹੈ। ਹੋਰ ਜਾਣਕਾਰੀ ਲਈ, ਤੁਸੀਂ www.navistarsettlement.ca/ 'ਤੇ ਜਾ ਕੇ ਸੈਟਲਮੈਂਟ ਦੇ ਨੋਟਿਸ ਦਾ ਅਦਾਲਤ ਵੱਲੋਂ ਅਖ਼ਤਿਆਰਪ੍ਰਾਪਤ ਫ਼ਾਰਮ (Long-Form Notice) ਵੇਖੋ ਜਾਂ 1-866-573-2710 ਅਤੇ navistarsettlement@ricepoint.com 'ਤੇ ਸੈਟਲਮੈਂਟ ਐਡਮਿਨਿਸਟ੍ਰੇਟਰ ਨਾਲ ਸੰਪਰਕ ਕਰੋ।**

**ਮੈਂ ਦਾਅਵਾ ਕਿਵੇਂ ਕਰਾਂ?**

ਸੈਟਲਮੈਂਟ ਹੇਠ ਮੁਆਵਜ਼ੇ ਲਈ ਦਾਅਵਾ ਕਰਨ ਵਾਲੇ ਆਲ ਕਲਾਸ ਮੈਂਬਰਾਂ ਨੂੰ August 19, 2024 ਤੱਕ ਹੀ ਦਾਅਵਾ ਜ਼ਰੂਰ ਜਮ੍ਹਾ ਕਰਾਉਣਾ ਚਾਹੀਦਾ ਹੈ।

ਅੰਤਿਮ ਤਾਰੀਖ਼ ਤੱਕ ਜਮ੍ਹਾ ਨਾ ਕਰਾਏ ਗਏ ਦਾਅਵੇ ਮੁਆਵਜ਼ੇ ਲਈ ਹੱਕਦਾਰ ਨਹੀਂ ਹੋਣਗੇ।

ਇਹ ਦਾਅਵੇ ਸੈਟਲਮੈਂਟ ਵੈਬਸਾਈਟ www.navistarsettlement.ca/ ਰਾਹੀਂ ਆਨਲਾਈਨ ਸਬਮਿਟ ਕੀਤੇ ਜਾਣੇ ਚਾਹੀਦੇ ਹਨ। ਜੇ ਤੁਸੀਂ ਆਨਲਾਈਨ ਦਾਅਵਾ ਨਹੀਂ ਕਰ ਸਕਦੇ, ਤਾਂ 1-866-573-2710 'ਤੇ ਅਤੇ navistarsettlement@ricepoint.com 'ਤੇ ਸੈਟਲਮੈਂਟ ਐਡਮਿਨਿਸਟ੍ਰੇਟਰ ਨੂੰ ਦਸਤਾਵੇਜ਼ੀ ਦਾਅਵਾ ਫ਼ਾਰਮ ਲਈ ਬੇਨਤੀ ਕਰ ਸਕਦੇ ਹੋ।

ਮੈਨੂੰ ਕੀ ਮਿਲ ਸਕਦਾ ਹੈ?

ਹਰ ਇੱਕ ਕਲਾਸ ਵ੍ਹੀਕਲ (ਢੁਕਵੀਂ ਸ਼੍ਰੇਣੀ ਦੀ ਗੱਡੀ ਲਈ), ਤੁਸੀਂ ਤਿੰਨ ਵਿਕਲਪਾਂ ਵਿੱਚੋਂ ਇੱਕ ਚੁਣ ਸਕਦੇ ਹੋ:

1. ਨਗਦ ਰਕਮ ਦੇ ਵਿਕਲਪ ਵਿੱਚ ਮਾਲਕੀ/ਲੀਜ਼ ਦੇ ਮਹੀਨਿਆਂ ਦੇ ਅਧਾਰ 'ਤੇ ਹਰ ਗੱਡੀ ਲਈ $2,500 ਤੱਕ ਦਾ ਭੁਗਤਾਨ ਮਿਲਦਾ ਹੈ;

2. ਛੋਟ ਵਾਲੇ ਵਿਕਲਪ ਵਿੱਚ ਕਲਾਸ ਵ੍ਹੀਕਲ (ਵੱਧ ਤੋਂ ਵੱਧ 10 ਵਾਰੀ ਛੋਟ) ਦੀ ਮਾਲਕੀ ਜਾਂ ਲੀਜ਼ ਦੇ ਮਹੀਨਿਆਂ ਦੇ ਅਧਾਰ 'ਤੇ ਨਵਾਂ Navistar Class 8 ਹੈਵੀ-ਡਿਊਟੀ ਟ੍ਰੱਕ ਖ਼ਰੀਦਣ 'ਤੇ $10,000 ਤੱਕ ਦੇ ਮੁੱਲ ਦੀ ਛੋਟ ਮਿਲਦੀ ਹੈ; ਜਾਂ

3. ਨਿੱਜੀ ਪਰੂਵ-ਅਪ ਵਿਕਲਪ ਕਲਾਸ ਮੈਂਬਰ ਨੂੰ ਹਰ ਕਲਾਸ ਵ੍ਹੀਕਲ ਦੀਆਂ ਪ੍ਰਮਾਣਿਤ ਘੇਰੇ ਹੇਠਲੀਆਂ ਲਾਗਤਾਂ ਦੀ $15,000 ਤੱਕ ਦੀ ਰਕਮ ਵਾਪਸ ਕਰੇਗਾ।

ਇਹ ਸਿਰਫ਼ ਸਾਰ ਹੈ। ਹੋਰ ਜਾਣਕਾਰੀ ਲਈ www.navistarsettlement.ca/ 'ਤੇ ਜਾ ਕੇ ਸੈਟਲਮੈਂਟ ਦੇ ਨੋਟਿਸ ਦਾ ਅਦਾਲਤ ਵੱਲੋਂ ਲੌਂਗ -ਫਾਰਮ ਨੋਟਿਸ (Long-Form Notice) ਦਾ ਜਾਇਜ਼ਾ ਲਓ ਜਾਂ ਹੋਰ ਜਾਣਕਾਰੀ ਲਈ 1-866-573-2710 'ਤੇ ਕਾਲ ਕਰੋ।

## ਮੁਕੱਦਮਾ ਕਿਸ ਬਾਰੇ ਹੈ?

ਕੈਨੇਡਾ ਵਿੱਚ (ਕਿਊਬੈਕ ਨੂੰ ਛੱਡ ਕੇ) ਉਨ੍ਹਾਂ ਸਾਰੇ ਲੋਕਾਂ, ਜਿਹਨਾਂ ਨੇ Maxx Force 11-, 13-, ਜਾਂ 15-ਲੀਟਰ ਇੰਜਨ ("ਕਲਾਸ ਵ੍ਹੀਕਲਸ") ਵਾਲੀ ਮਾਡਲ ਸਾਲ 2011-2014 Navistar ਗੱਡੀ ਖ਼ਰੀਦੀ ਹੈ ਜਾਂ ਲੀਜ਼ 'ਤੇ ਲਈ ਹੈ, ਦੀ ਤਰਫ਼ੋਂ Navistar Canada ULC, Navistar, Inc., Navistar International Corporation, ਅਤੇ Harbour International Trucks Ltd. ("ਬਚਾਅ-ਪੱਖ") ਖ਼ਿਲਾਫ਼ ਬ੍ਰਿਟਿਸ਼ ਕੋਲੰਬੀਆ ("ਐਕਸ਼ਨ") ਵਿੱਚ ਐਕਸ਼ਨ ਲਾਅ ਸੂਟ (ਇਸ ਦਾ ਪ੍ਰਬੰਧ ਇੱਕੋ ਜਿਹੀ ਕਾਨੂੰਨੀ ਸਮੱਸਿਆ ਦਾ ਸਾਹਮਣਾ ਕਰ ਰਹੇ ਲੋਕਾਂ ਦੇ ਸਮੂਹ ਵੱਲੋਂ ਕੀਤਾ ਜਾਂਦਾ ਹੈ) ਸ਼ੁਰੂ ਕੀਤਾ ਗਿਆ ਸੀ। ਐਕਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਬਚਾਅ-ਪੱਖ ਨੇ ਧੂੰਏਂ ਦੀ ਨਿਕਾਸੀ ਦੇ ਨੁਕਸਦਾਰ EGR ਸਿਸਟਮ ਵਾਲੇ ਕਲਾਸ ਵ੍ਹੀਕਲਸ ਵੇਚੇ ਸਨ ਜਾਂ ਲੀਜ਼ 'ਤੇ ਦਿੱਤੇ ਗਏ ਸੀ। ਬਚਾਅ-ਪੱਖ ਨੇ ਇਹ ਇਲਜ਼ਾਮ ਖ਼ਾਰਜ ਕੀਤੇ ਹਨ, ਪਰ ਦਾਅਵੇਦਾਰਾਂ ("ਸੈਟਲਮੈਂਟ") ਨਾਲ ਸੈਟਲਮੈਂਟ ਕਰਨ ਲਈ ਸਹਿਮਤ ਹੋ ਗਿਆ ਹੈ।

## ਸੈਟਲਮੈਂਟ ਦੇ ਵੇਰਵੇ ਕੀ ਹਨ?

ਅਦਾਲਤ ਵੱਲੋਂ ਮੰਜ਼ੂਰਸ਼ੁਦਾ ਸੈਟਲਮੈਂਟ ਵਿੱਚ ਕਲਾਸ ("ਸੈਟਲਮੈਂਟ ਦੀ ਰਕਮ") ਦੇ ਲਾਭ ਲਈ, ਕੁੱਲ ਮਿਲਾਕੇ $14,500,000 ਦੇਣ ਵਾਸਤੇ $13,775,000 ਨਗਦ ("ਨਗਦ ਰਕਮ") ਅਤੇ ਛੋਟ ("ਛੋਟ ਦੀ ਰਕਮ") ਲਈ $725,000 ਤੱਕ ਦਾ ਭੁਗਤਾਨ ਮਿਲਦਾ ਹੈ। ਇਸ ਸੈਟਲਮੈਂਟ ਨੂੰ 30 ਨਵੰਬਰ, 2023 ਨੂੰ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ("ਅਦਾਲਤ") ਨੇ ਮੰਜ਼ੂਰੀ ਦਿੱਤੀ ਸੀ।

ਨਗਦ ਰਕਮ, ਅਦਾਲਤ ਵੱਲੋਂ ਮੰਜ਼ੂਰਸ਼ੁਦਾ ਫ਼ੀਸਾਂ ਘਟਾ ਕੇ, ਖ਼ਰਚੇ, ਦਾਅਵੇਦਾਰਾਂ ਦੇ ਮਾਣ-ਭੇਟ, ਨੋਟਿਸ ਦੀਆਂ ਲਾਗਤਾਂ ਅਤੇ ਲਾਗੂ ਹੋਣ ਵਾਲੇ ਟੈਕਸ ਸਾਰੇ ਕਲਾਸ ਮੈਂਬਰਾਂ ("ਨਗਦ ਫ਼ੰਡ", ਅਤੇ ਛੋਟ ਰਕਮ ਨਾਲ ਮਿਲਾਕੇ "ਸੈਟਲਮੈਂਟ ਫ਼ੰਡ") ਦੇ ਲਾਭ ਲਈ ਵਿਆਜ ਦੇਣ ਵਾਲੇ ਟ੍ਰੱਸਟ ਖਾਤੇ ਵਿੱਚ ਰੱਖੀ ਜਾਂਦੀ ਹੈ।

ਇਹ ਸੈਟਲਮੈਂਟ ਰਾਸ਼ਟਰੀ ਅਧਾਰ 'ਤੇ ਬਚਾਅ-ਪੱਖ (ਧਿਰਾਂ) ਖ਼ਿਲਾਫ਼ ਸਾਰੀ ਸਿਰਮੌਰ ਕਲਾਸ ਮੁਕੱਦਮੇਬਾਜ਼ੀ ਦਾ ਨਿਪਟਾਰਾ ਕਰਦੀ ਹੈ, ਇਸ ਵਿੱਚ ਓਨਟਾਰੀਓ, ਅਲਬਰਟਾ ਅਤੇ ਮੈਨੀਟੋਬਾ ਵਿੱਚ ਵਕੀਲਾਂ ਵੱਲੋਂ ਲਿਆਂਦੇ ਗਏ ਇਹੋ ਜਿਹੇ ਪਿਛਲੇ ਕੇਸ ਸ਼ਾਮਿਲ ਹਨ। ਇਹ ਸੈਟਲਮੈਂਟ, ਉਨ੍ਹਾਂ ਕਲਾਸ ਮੈਂਬਰਾਂ ਨੂੰ ਲਾਭ ਦਿੰਦੀ ਹੈ, ਜਿਹਨਾਂ ਨੇ ਆਪਣੇ ਆਪ ਨੂੰ ਬਾਹਰ ਨਹੀਂ ਰੱਖਿਆ, ਇਸ ਵਿੱਚ ਵੈਧ ਦਾਅਵੇ ਜਮ੍ਹਾ ਕਰਨ ਵਾਲੇ ਕਲਾਸ ਮੈਂਬਰਾਂ ਦੇ ਭੁਗਤਾਨ ਸ਼ਾਮਿਲ ਹਨ।

## ਇਸ ਸਮਝੌਤੇ ਵਿੱਚ ਕਿਸ ਨੂੰ ਸ਼ਾਮਿਲ ਕੀਤਾ ਗਿਆ ਹੈ?

ਇਸ ਕਲਾਸ ਬਾਰੇ ਹੇਠਾਂ ਦਿੱਤੇ ਗਏ ਅਨੁਸਾਰ ਦੱਸਿਆ ਗਿਆ ਹੈ:

> ਕੈਨੇਡਾ ਵਿਚਲੇ ਸਾਰੇ ਜਿਉਂਦੇ ਵਸਨੀਕ ਜਾਂ ਯੂਨਿਟਾਂ (ਸੰਸਥਾਵਾਂ), ਪਰ ਕਿਉਬੈਕ ਵਿਚਲੇ ਵਸਨੀਕ ਨਹੀਂ, ਜਿਹਨਾਂ ਨੇ 24 ਫ਼ਰਵਰੀ, 2022 ਨੂੰ ਜਾਂ ਪਹਿਲਾਂ ਇੱਕ ਜਾਂ ਵੱਧ ਕਲਾਸ ਵ੍ਹੀਕਲਸ ਨੂੰ ਛੱਡ ਕੇ, 30 ਦਿਨ ਤੋਂ ਵੱਧ ਸਮੇਂ ਲਈ ਖ਼ਰੀਦਿਆ ਸੀ ਜਾਂ ਲੀਜ਼ 'ਤੇ ਲਿਆ ਸੀ: (1) ਉਨ੍ਹਾਂ ਸਾਰੇ ਵਿਅਕਤੀਆਂ, ਜਿਹਨਾਂ ਨੇ

> ਅੰਤਿਮ, ਅਪੀਲ ਨਾ ਕੀਤੇ ਜਾਣ ਵਾਲੇ ਫ਼ੈਸਲੇ (ਸਿਰਫ਼ ਉਨ੍ਹਾਂ ਗੱਡੀਆਂ ਬਾਰੇ) ਲਈ ਇੱਕ ਜਾਂ ਵੱਧ ਬਚਾਅ-ਪੱਖ (ਧਿਰਾਂ) ਖ਼ਿਲਾਫ਼ ਕਲਾਸ ਵ੍ਹੀਕਲਸ ਦੇ ਕਥਿਤ ਤੌਰ 'ਤੇ ਧੂੰਏਂ ਦੇ ਨਿਕਾਸ ਬਾਰੇ ਨੁਕਸਦਾਰ EG ਸਿਸਟਮ ਵਿੱਚ ਸ਼ਾਮਿਲ ਦਾਅਵੇ ਦਾਇਰ ਕੀਤੇ ਹਨ; (2) ਉਨ੍ਹਾਂ ਸਾਰੇ ਵਿਅਕਤੀਆਂ, ਜਿਹਨਾਂ ਨੇ ਇੱਕ ਜਾਂ ਵੱਧ ਬਚਾਅ-ਪੱਖ (ਧਿਰਾਂ) ਨੂੰ ਕਲਾਸ ਵ੍ਹੀਕਲਸ ਦੇ ਕਥਿਤ ਤੌਰ 'ਤੇ ਧੂੰਏਂ ਦੇ ਨੁਕਸਦਾਰ EGR ਸਿਸਟਮ (ਸਿਰਫ਼ ਉਨ੍ਹਾਂ ਗੱਡੀਆਂ ਬਾਰੇ) ਨਾਲ ਸਬੰਧਿਤ ਆਪਣੇ ਦਾਅਵੇ ਜਾਰੀ ਕੀਤੇ ਹਨ, ਇਸ ਵਿੱਚ 4037308 Canada Inc. ਬਨਾਮ Navistar Canada Inc., ਸੁਪੀਰੀਅਰ ਕੋਰਟ ਆਫ਼ ਕਿਊਬੈਕ, ਫ਼ਾਈਲ ਨੰਬਰ 500-06-000720-140, ਮੌਨਟ੍ਰਿਅਲ ਡਿਸਟ੍ਰਿਕਟ ਦੀ ਸੈਟਲਮੈਂਟ ਰਾਹੀਂ ਵੱਡੀ ਤਸੱਲੀ ਸ਼ਾਮਿਲ ਹੈ; (3) ਬਚਾਅ-ਪੱਖ (ਧਿਰਾਂ) ਦੇ ਮੁਲਾਜ਼ਮ, ਅਫ਼ਸਰ, ਡਾਇਰੈਕਟਰ, ਏਜੰਟ ਅਤੇ ਨੁਮਾਇੰਦੇ ਅਤੇ ਉਨ੍ਹਾਂ ਦੇ ਪਰਵਾਰ ਦੇ ਮੈਂਬਰ; (4) ਨਵੇਂ ਜਾਂ ਇਸਤੇਮਾਲ ਕੀਤੇ ਗਏ ਵ੍ਹੀਕਲਸ ਦੇ ਅਖ਼ਤਿਆਰਪ੍ਰਾਪਤ Navistar ਡੀਲਰ; (5) ਕੋਈ ਵੀ ਸ਼ਖ਼ਸ, ਜਿਸ ਨੇ ਕੋਈ ਵੀ ਕਲਾਸ ਵ੍ਹੀਕਲ ਸਿਰਫ਼ ਫਿਰ ਤੋਂ ਵੇਚਣ ਦੇ ਮਕਸਦ ਨਾਲ ਜਾਂ ਵੇਚਣ ਜਾਂ ਲੀਜ਼ਿੰਗ ਇਕਰਾਰਨਾਮੇ (ਸਿਰਫ਼ ਉਨ੍ਹਾਂ ਵ੍ਹੀਕਲਸ ਬਾਰੇ) ਲਈ ਫ਼ਾਇਨਾਂਸ ਮੁਹੱਈਆ ਕਰਾਉਣ ਲਈ ਖ਼ਰੀਦਿਆ ਹੈ; (6) Ideal ease ਅਤੇ Navistar Leasing Co.; ਅਤੇ (7) ਕੋਈ ਵੀ ਵਿਅਕਤੀ ਜਾਂ ਯੂਨਿਟ (ਸੰਸਥਾ), ਜੋ ਕਿ 30 ਦਿਨ ਜਾਂ ਘੱਟ ਸਮੇਂ ਲਈ ਕਲਾਸ ਵ੍ਹੀਕਲ ਨੂੰ ਲੀਜ਼ 'ਤੇ ਲੈਣ ਵਾਲਾ/ਵਾਲੀ ਹੈ

ਕਲਾਸ ਵ੍ਹੀਕਲ ਮਾਡਲ ਸਾਲ 2011-2014 ਦੇ ਵ੍ਹੀਕਲਸ ਹਨ। ਇਸ ਵਿੱਚ ਹੇਠਾਂ ਦਿੱਤੇ Navistar ਟ੍ਰੱਕ ਦੇ ਬ੍ਰਾਂਡ ਸ਼ਾਮਿਲ ਹਨ: “PAYSTAR”, “WORKSTAR”, “TRANSTAR”, “9900i”, “LONESTAR”, ਅਤੇ “PROSTAR”.

ਜਿਹੜੇ ਕਲਾਸ ਮੈਂਬਰਾਂ ਨੇ ਆਪਣੇ ਆਪ ਨੂੰ ਬਾਹਰ ਰੱਖਿਆ ਹੈ, ਉਹ ਦਾਅਵਾ ਕਰਨ ਦੇ ਹੱਕਦਾਰ ਨਹੀਂ ਹਨ।

## ਮੇਰੀ ਨੁਮਾਇੰਦਗੀ ਕੌਣ ਕਰਦਾ ਹੈ?

ਕਲਾਸ ਮੈਂਬਰਾਂ ਦੀ ਨੁਮਾਇੰਦਗੀ ਕਲਾਸ ਕੌਂਸਲ - Farris LLP, Foreman & Company Professional Corporation, ਅਤੇ Rochon Genova LLP ਵੱਲੋਂ ਕੀਤੀ ਜਾਂਦੀ ਹੈ। ਤੁਸੀਂ ਹੇਠਾਂ ਦਿੱਤਿਆਂ 'ਤੇ ਕਲਾਸ ਕੌਂਸਲ ਨੂੰ ਸੰਪਰਕ ਕਰ ਸਕਦੇ ਹੋ:

**Farris LLP (ਕੈਨੇਡਾ, ਕਿਉਬੈਕ ਕਲਾਸ ਮੈਂਬਰਾਂ ਨੂੰ ਛੱਡ ਕੇ):** (604) 661-9372 ਜਾਂ ਈਮੇਲ: randerson@farris.com ਜਾਂ nhooge@farris.com or mkshergill@farris.com (ਅੰਗ੍ਰੇਜ਼ੀ ਅਤੇ ਪੰਜਾਬੀ)

**Foreman & Company ਅਤੇ Rochon Genova LLP (ਓਨਟਾਰੀਓ ਕਲਾਸ ਮੈਂਬਰ):** 1-855-814-4575 'ਤੇ ਟੋਲ ਫ਼੍ਰੀ, ਐਕਸਟੈਂਸ਼ਨ 106 ਜਾਂ ਈਮੇਲ: classactions@foremancompany.com ਜਾਂ contact@rochongenova.com

ਦਾਅਵਾ ਕਰਨ ਲਈ ਤੁਹਾਨੂੰ ਆਪਣਾ ਖ਼ੁਦ ਦਾ ਵਕੀਲ ਨਹੀਂ ਕਰਨਾ ਪੈਣਾ। ਜੇ ਤੁਸੀਂ ਆਪਣੇ ਖ਼ੁਦ ਦੇ ਵਕੀਲ ਨਾਲ ਨੁਮਾਇੰਦਗੀ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਖ਼ੁਦ ਦੇ ਖ਼ਰਚੇ 'ਤੇ ਵਕੀਲ ਕਰ ਸਕਦੇ ਹੋ।

## ਸੈਟਲਮੈਂਟ ਦਾ ਪ੍ਰਬੰਧ ਕੌਣ ਕਰ ਰਿਹਾ ਹੈ?

ਅਦਾਲਤ ਵੱਲੋਂ RicePoint Administration Inc. ("ਸੈਟਲਮੈਂਟ ਐਡਮਿਨਿਸਟ੍ਰੇਟਰ") ਨੂੰ ਸੈਟਲਮੈਂਟ ਦਾ ਪ੍ਰਬੰਧ ਕਰਨ ਲਈ ਥਾਪਿਆ ਗਿਆ ਹੈ ਅਤੇ ਪ੍ਰਵਾਣਗੀ ਦਿੱਤੀ ਗਈ ਹੈ। ਜਿਹੜੇ ਕਲਾਸ ਮੈਂਬਰਾਂ ਦੇ ਦਾਅਵਿਆਂ ਦੇ ਅਮਲ, ਇਸ ਵਿੱਚ ਦਾਅਵਾ ਕਿਵੇਂ ਕਰੋ, ਬਾਰੇ ਸੁਆਲ ਹਨ, ਲਈ ਸੰਪਰਕ ਕਰਨ ਵਾਸਤੇ ਸੈਟਲਮੈਂਟ ਐਡਮਿਨਿਸਟ੍ਰੇਟਰ ਪਹਿਲਾ ਪੜਾਅ ਹੈ। ਸੈਟਲਮੈਂਟ ਐਡਮਿਨਿਸਟ੍ਰੇਟਰ ਦੇ ਪੂਰੇ ਸੰਪਰਕ ਵੇਰਵੇ ਹੇਠਾਂ ਦਿੱਤੇ ਗਏ ਹਨ। ਸੈਟਲਮੈਂਟ ਐਡਮਿਨਿਸਟ੍ਰੇਟਰ ਨਾਲ ਗੱਲ ਕਰਨ ਤੋਂ ਬਾਅਦ, ਜੇ ਕਲਾਸ ਮੈਂਬਰਾਂ ਦੇ ਅਜੇ ਵੀ ਕੋਈ ਸੁਆਲ ਹਨ, ਤਾਂ ਕਿਰਪਾ ਕਰ ਕੇ ਕਲਾਸ ਕੌਂਸਲ ਨਾਲ ਸੰਪਰਕ ਕਰੋ।

**Navistar MaxxForce Engine Class Action**
c/o RicePoint Administration Inc.
P.O. Box 3355
London, ON N6A 4K3
1 866 573 2710
navistarsettlement@ricepoint.com

**ਮੈਂ ਹੋਰ ਜਾਣਕਾਰੀ ਕਿਵੇਂ ਲਵਾਂ?** ਕਿਰਪਾ ਕਰ ਕੇ www.navistarsettlement.ca/ 'ਤੇ ਜਾਓ ਜਾਂ 1-866-573-2710 'ਤੇ ਕਾਲ ਕਰੋ।

**ਇਸ ਸੈਟਲਮੈਂਟ ਬਾਰੇ ਅੱਗਿਓਂ ਕੋਈ ਨੋਟਿਸ ਨਹੀਂ ਦਿੱਤਾ ਜਾਏਗਾ।**